# ਪੰਜਾਬ ਸਰਕਾਰ
# ਰਾਸ਼ਟਰੀ ਸਿਹਤ ਮਿਸ਼ਨ
## ਸਿਹਤ ਅਤੇ ਪਰਿਵਾਰ ਭਲਾਈ ਵਿਭਾਗ

ਪੰਜਵੀ ਮੰਜਿਲ, ਪਰਿਆਸ ਬਿਲਡਿੰਗ, ਸੈਕਟਰ 38 ਬੀ, ਚੰਡੀਗੜ੍ਹ -160036
☎ ਨੰ :0172-4012011-13, ਫੈਕਸ ਨੰ :0172-4012012-13

ਐਨ.ਐਚ.ਐਮ/ਪੀ.ਬੀ/22/ਸੀ.ਐਚ.ਆਰ/ 81097 ਮਿਤੀ: 15/3/2022

ਵੱਲੋਂ:-

ਸਮੂਹ ਸਿਵਲ ਸਰਜਨ
ਪੰਜਾਬ ।

ਵਿਸ਼ਾ:- **ਆਪਣੇ ਪੱਧਰ ਤੇ ਨਵੀ ਤੈਨਾਤੀ ਨਾ ਕਰਨ ਸਬੰਧੀ ।**

ਵਿਸ਼ੇ ਸਬੰਧੀ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਜਿਲ੍ਹਾ ਸਿਵਲ ਸਰਜਨਾਂ/ ਸੀਨੀਅਰ ਮੈਡੀਕਲ ਅਫਸਰਾਂ ਵੱਲੋ ਕਿਸੇ ਕਰਮਚਾਰੀ ਦੇ ਛੁੱਟੀ ਤੇ ਜਾਣ ਤੇ ਉਸਦੀ ਜਗ੍ਹਾ ਦਫਤਰੀ ਕੰਮ ਚਲਾਉਣ ਲਈ ਆਊਟਸੋਰਸ ਰਾਹੀ ਨਵੀਆਂ ਤੈਨਾਤੀਆਂ ਕਰ ਲਈਆਂ ਜਾਂਦੀਆਂ ਹਨ । ਜਿਸ ਨਾਲ ਕਰਮਚਾਰੀ ਦੀ ਤਨਖਾਹ ਦੀ ਅਦਾਇਗੀ ਸਮੇ ਦਿੱਕਤ ਪੇਸ਼ ਆਉਦੀ ਹੈ । ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਵਿੱਖ ਵਿੱਚ ਜਦੋ ਵੀ ਕੋਈ ਕਰਮਚਾਰੀ ਲੰਬੀ ਛੁੱਟੀ ਤੇ ਜਾਂਦਾ ਹੈ ਤਾਂ ਉਸਦੀ ਜਗ੍ਹਾ ਬਿਨ੍ਹਾ ਮੁੱਖ ਦਫਤਰ ਦੀ ਪ੍ਰਵਾਨਗੀ ਦੇ ਨਵੀ ਤੈਨਾਤੀ ਨਾ ਕੀਤੀ ਜਾਵੇ । ਦਫਤਰੀ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਉਸਦੀ ਥਾਂ ਕਿਸੇ ਹੋਰ ਕਰਮਚਾਰੀ ਦੀ ਆਰਜੀ ਡਿਊਟੀ ਉਸਦੀ ਜਗ੍ਹਾ ਲਗਾਈ ਜਾ ਸਕਦੀ ਹੈ । ਇਸ ਸਬੰਧੀ ਆਪ ਅਧੀਨ ਆਉਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ/ ਮੈਡੀਕਲ ਅਫਸਰਾਂ ਨੂੰ ਵੀ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ।

ਇਹ ਪੱਤਰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾ ਰਿਹਾ ਹੈ ।

15.3.22
ਡਾਇਰੈਕਟਰ
ਐਨ.ਐਚ.ਐਮ ਪੰਜਾਬ

ਐਨ.ਐਚ.ਐਮ/ਪੀ.ਬੀ/22/ਸੀ.ਐਚ.ਆਰ /81098-99 ਮਿਤੀ: 15/3/2022

ਉਤਾਰਾ:- ਉਪਰੋਕਤ ਦਾ ਉਤਾਰਾ ਨਿਮਨ ਲਿਖਤ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਐਮ.ਡੀ ਐਨ.ਐਚ.ਐਮ. ਨੂੰ ਮਾਨਯੋਗ ਮਿਸ਼ਨ ਡਾਇਰੈਕਟਰ ਜੀ ਦੀ ਜਾਣਕਾਰੀ ਹਿੱਤ ।
2. ਸਮੂਹ ਜਿਲ੍ਹਾ ਪ੍ਰੋਗਰਾਮ ਮੈਨੇਜਰ ਐਨ.ਐਚ.ਐਮ ਪੰਜਾਬ ।

15.3.22
ਡਾਇਰੈਕਟਰ
ਐਨ.ਐਚ.ਐਮ ਪੰਜਾਬ